Government of Western Australia
Department of Mines, Industry Regulation and Safety

WorkSafe
Western Australia

ਜਾਣਕਾਰੀ ਸ਼ੀਟ

# ਵਾਜਬ ਤੌਰ 'ਤੇ ਵਿਹਾਰਕ

ਕਾਰੋਬਾਰ ਜਾਂ ਕੰਮ (PCBU) ਦਾ ਸੰਚਾਲਨ ਕਰਨ ਵਾਲੇ ਵਿਅਕਤੀ ਨੂੰ ਕੰਮ ਵਾਲੀ ਥਾਂ 'ਤੇ ਕਰਮਚਾਰੀਆਂ ਅਤੇ ਹੋਰ ਲੋਕਾਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਲਈ 'ਵਾਜਬ ਤੌਰ 'ਤੇ ਵਿਹਾਰਕ' ਕੰਮ ਕਰਨਾ ਚਾਹੀਦਾ ਹੈ।.

PCBUs ਨੂੰ ਸਿਹਤ ਅਤੇ ਸੁਰੱਖਿਆ ਲਈ ਜ਼ੋਖਮਾਂ ਨੂੰ ਲਾਜ਼ਮੀ ਤੌਰ 'ਤੇ ਹਟਾਉਣਾ ਚਾਹੀਦਾ ਹੈ, ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ।. ਜੇਕਰ ਕਿਸੇ ਜ਼ੋਖਮ ਨੂੰ ਬਿਲਕੁਲ ਖ਼ਤਮ ਕਰਨਾ ਵਾਜਬ ਤੌਰ 'ਤੇ ਵਿਹਾਰਕ ਨਹੀਂ ਹੈ, ਤਾਂ ਇਸ ਨੂੰ ਲਾਜ਼ਮੀ ਤੌਰ 'ਤੇ ਘੱਟ ਕੀਤਾ ਜਾਣਾ ਚਾਹੀਦਾ ਹੈ।.

## ਵਾਜਬ ਤੌਰ 'ਤੇ ਵਿਹਾਰਕ ਦਾ ਕੀ ਮਤਲਬ ਹੈ?

ਖ਼ਤਰਿਆਂ ਨੂੰ ਖ਼ਤਮ ਕਰਨ ਅਤੇ ਜ਼ੋਖਮਾਂ ਨੂੰ ਖ਼ਤਮ ਕਰਨ, ਪ੍ਰਬੰਧਨ ਜਾਂ ਨਿਯੰਤਰਣ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ, ਇਹ ਵਿਚਾਰਦੇ ਹੋਏ ਕਿ:

- ਕੀ ਇਸ ਖ਼ਤਰੇ ਦੇ ਹੋਣ ਦੀ ਸੰਭਾਵਨਾ ਹੈ?
- ਕੀ ਸੱਟ ਹਲਕੀ ਜਾਂ ਗੰਭੀਰ ਹੋਵੇਗੀ?
- ਤੁਸੀਂ ਖ਼ਤਰੇ ਬਾਰੇ ਕੀ ਜਾਣਦੇ ਹੋ – ਜਾਂ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਜ਼ੋਖਮ ਨੂੰ ਕਿਵੇਂ ਖ਼ਤਮ ਜਾਂ ਘੱਟ ਕਰਨਾ ਹੈ?
- ਕੀ ਜ਼ੋਖਮ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਦੇ ਢੁੱਕਵੇਂ ਤਰੀਕੇ ਉਪਲਬਧ ਹਨ?
- ਜ਼ੋਖਮ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਲਈ ਕਿੰਨਾ ਖ਼ਰਚਾ ਆਵੇਗਾ?

## ਖ਼ਤਰੇ ਅਤੇ ਜ਼ੋਖਮ

**ਖ਼ਤਰਾ** - ਇੱਕ ਖ਼ਤਰਾ ਕੋਈ ਵੀ ਅਜਿਹੀ ਸਥਿਤੀ ਜਾਂ ਚੀਜ਼ ਹੈ ਜੋ ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ।. ਕਰਮਚਾਰੀਆਂ ਨਾਲ ਗੱਲ ਕਰਕੇ, ਕੰਮ ਵਾਲੀ ਥਾਂ ਦਾ ਮੁਆਇਨਾ ਕਰਕੇ ਅਤੇ ਪਿਛਲੀਆਂ ਘਟਨਾਵਾਂ ਦੀ ਸਮੀਖਿਆ ਕਰਕੇ ਖ਼ਤਰਿਆਂ ਦੀ ਪਛਾਣ ਕੀਤੀ ਜਾ ਸਕਦੀ ਹੈ।.

**ਜ਼ੋਖਮ** - ਜ਼ੋਖਮ ਉਹ ਸੰਭਾਵਨਾ ਹੁੰਦੀ ਹੈ ਜੋ ਨੁਕਸਾਨ - ਮੌਤ, ਸੱਟ ਜਾਂ ਬਿਮਾਰੀ - ਦੇ ਰੂਪ ਵਿੱਚ ਵਾਪਰੇਗਾ।.

## ਜ਼ੋਖਮ ਪ੍ਰਬੰਧਨ

ਤੁਹਾਨੂੰ ਖ਼ਤਰਿਆਂ ਨੂੰ ਖਤਮ ਕਰਨ ਅਤੇ ਜ਼ੋਖਮਾਂ ਨੂੰ ਖ਼ਤਮ ਕਰਨ ਜਾਂ ਨਿਯੰਤ੍ਰਣ ਕਰਨ ਲਈ ਜ਼ੋਖਮ ਪ੍ਰਬੰਧਨ ਦੀ ਵਰਤੋਂ ਕਰਨੀ ਚਾਹੀਦੀ ਹੈ।. WHS ਨਿਯਮਾਂ ਲਈ PCBUs ਨੂੰ ਕੁੱਝ ਜ਼ੋਖਮਾਂ ਦਾ ਪ੍ਰਬੰਧਨ ਕਰਨ ਵੇਲੇ ਜ਼ੋਖਮ ਪ੍ਰਬੰਧਨ ਪਹੁੰਚ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ।.

ਜ਼ੋਖਮ ਪ੍ਰਬੰਧਨ ਇੱਕ ਪ੍ਰਕਿਰਿਆ ਹੈ:

1. ਖ਼ਤਰਿਆਂ ਦੀ ਪਛਾਣ ਕਰਨ ਲਈ
2. ਜ਼ੋਖਮ ਮੁਲਾਂਕਣ ਕਰਨ ਲਈ:
    - ਕਿਸੇ ਦੇ ਜ਼ਖਮੀ ਹੋਣ ਦੀ ਕਿੰਨੀ ਸੰਭਾਵਨਾ ਹੈ?
    - ਸੱਟ ਕਿੰਨੀ ਗੰਭੀਰ ਹੋ ਸਕਦੀ ਹੈ?
3. ਜ਼ੋਖਮ ਨੂੰ ਖ਼ਤਮ ਕਰਨ ਜਾਂ ਨਿਯੰਤਰਣ ਕਰਨ ਲਈ ਨਿਯੰਤਰਣ ਉਪਾਵਾਂ ਦੀ ਪਛਾਣ ਕਰਨਾ ਅਤੇ ਲਾਗੂ ਕਰਨਾ
4. ਇਹ ਯਕੀਨੀ ਬਣਾਉਣ ਲਈ ਨਿਯੰਤਰਣ ਉਪਾਵਾਂ ਦੀ ਸਮੀਖਿਆ ਕਰਨਾ ਕਿ ਉਹ ਕੰਮ ਕਰਦੇ ਹਨ।.

ਜਿੱਥੇ ਵਾਜਬ ਤੌਰ 'ਤੇ ਵਿਹਾਰਕ ਹੈ, ਖ਼ਤਰਿਆਂ ਅਤੇ ਜ਼ੋਖਮਾਂ ਨੂੰ ਖ਼ਤਮ ਕਰਨਾ ਲਾਜ਼ਮੀ ਹੈ।. ਜੇ ਸਿਹਤ ਅਤੇ ਸੁਰੱਖਿਆ ਲਈ ਜ਼ੋਖਮਾਂ ਨੂੰ ਖ਼ਤਮ ਕਰਨਾ ਵਿਹਾਰਕ ਨਹੀਂ ਹੈ, ਤਾਂ ਉਹਨਾਂ ਨੂੰ ਇੱਕ ਜਾਂ ਇੱਕ ਤੋਂ ਵੱਧ ਨਿਯੰਤਰਣ ਉਪਾਵਾਂ ਦੀ ਵਰਤੋਂ ਕਰਕੇ ਘੱਟ ਤੋਂ ਘੱਟ ਕੀਤਾ ਜਾਣਾ ਚਾਹੀਦਾ ਹੈ।. ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ, ਤੁਹਾਨੂੰ ਜ਼ੋਖਮ ਨੂੰ ਘੱਟ ਤੋਂ ਘੱਟ ਕਰਨ ਲਈ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ ਉਪਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ:

- ਖ਼ਤਰੇ ਨੂੰ ਕਿਸੇ ਸੁਰੱਖਿਅਤ ਚੀਜ਼ ਨਾਲ ਬਦਲਕੇ (ਜਿਵੇਂ ਕਿ ਕਿਸੇ ਖ਼ਤਰਨਾਕ ਰਸਾਇਣ ਨੂੰ ਇਕ ਸੁਰੱਖਿਅਤ ਰਸਾਇਣ ਨਾਲ ਬਦਲਣਾ)
- ਉਸ ਵਿਅਕਤੀ ਨੂੰ ਖ਼ਤਰੇ ਤੋਂ ਵੱਖ ਕਰੋ (ਜਿਵੇਂ ਕਿ ਰੁਕਾਵਟਾਂ ਦੀ ਵਰਤੋਂ ਕਰਕੇ)
- ਇੰਜੀਨੀਅਰਿੰਗ ਨਿਯੰਤਰਣ, ਜਾਂ ਸਰੀਰਕ ਨਿਯੰਤਰਣ ਉਪਾਵਾਂ (ਜਿਵੇਂ ਕਿ ਮਸ਼ੀਨ ਗਾਰਡ) ਦੀ ਵਰਤੋਂ ਕਰਕੇ।.

ਜੇਕਰ ਕੋਈ ਜ਼ੋਖਮ ਅਜੇ ਵੀ ਰਹਿੰਦਾ ਹੈ, ਤਾਂ ਜ਼ੋਖਮ ਨੂੰ ਘੱਟ ਕਰਨ ਲਈ ਪ੍ਰਬੰਧਕੀ ਨਿਯੰਤਰਣ (ਜਿਵੇਂ ਕਿ ਸਿਖਲਾਈ, ਚੈਕਲਿਸਟ ਅਤੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ) ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।. ਕਿਸੇ ਵੀ ਬਾਕੀ ਬਚੇ ਖ਼ਤਰੇ ਨੂੰ ਨਿਯੰਤਰਿਤ ਕਰਨ ਲਈ, PCBU ਨੂੰ ਲਾਜ਼ਮੀ ਤੌਰ 'ਤੇ ਕਰਮਚਾਰੀਆਂ ਨੂੰ ਨਿੱਜੀ ਸੁਰੱਖਿਆ ਉਪਕਰਨ (ਜਿਵੇਂ ਕਿ ਚਸ਼ਮਾ ਜਾਂ ਸੁਰੱਖਿਆ ਬੂਟ) ਦੇਣੇ ਚਾਹੀਦੇ ਹਨ ਅਤੇ ਕਰਮਚਾਰੀਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਉਹਨਾਂ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਵਰਤਣਾ ਹੈ।.

## ਸਲਾਹ-ਮਸ਼ਵਰਾ

PCBU ਨੂੰ ਉਹਨਾਂ ਕਰਮਚਾਰੀਆਂ ਨਾਲ ਲਾਜ਼ਮੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਜੋ ਕੰਮ ਦੀ ਸਿਹਤ ਅਤੇ ਸੁਰੱਖਿਆ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ।.


ਕਰਮਚਾਰੀਆਂ ਨਾਲ ਗੱਲ ਕਰਨਾ ਤੁਹਾਨੂੰ ਖ਼ਤਰਿਆਂ ਦੀ ਪਛਾਣ ਕਰਨ ਅਤੇ ਜ਼ੋਖਮ ਨੂੰ ਘੱਟ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰਨ ਵਿੱਚ ਮੱਦਦ ਕਰ ਸਕਦਾ ਹੈ।. ਜੇਕਰ ਕੰਮ ਵਾਲੀ ਥਾਂ 'ਤੇ ਕੋਈ ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ ਅਤੇ ਸਿਹਤ ਅਤੇ ਸੁਰੱਖਿਆ ਕਮੇਟੀ ਹੈ ਤਾਂ ਤੁਸੀਂ ਉਨ੍ਹਾਂ ਨਾਲ ਵੀ ਸਲਾਹ-ਮਸ਼ਵਰਾ ਕਰ ਸਕਦੇ ਹੋ।.

ਇੱਕ PCBU ਨੂੰ ਹੋਰ ਡਿਊਟੀ ਧਾਰਕਾਂ ਨਾਲ ਵੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਅਤੇ ਖ਼ਤਰਿਆਂ ਨੂੰ ਖ਼ਤਮ ਕਰਨ ਅਤੇ ਜ਼ੋਖਮਾਂ ਨੂੰ ਘਟਾਉਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।.  ਇਸ ਵਿੱਚ ਕੰਮ ਵਾਲੀ ਥਾਂ 'ਤੇ ਮੌਜੂਦ ਹੁੰਦਾ ਹਰ ਕੋਈ ਵਿਅਕਤੀ ਸ਼ਾਮਲ ਹੁੰਦਾ ਹੈ ਜੋ ਕੰਮ ਦੀ ਸਿਹਤ ਅਤੇ ਸੁਰੱਖਿਆ ਡਿਊਟੀ ਨੂੰ ਸਾਂਝਾ ਕਰਦੇ ਹਨ ਜਿਵੇਂ ਕਿ ਹੋਰ PCBUs, ਰਸਾਇਣਾਂ ਦੇ ਸਪਲਾਇਰ ਅਤੇ ਪਲਾਂਟ ਦੇ ਨਿਰਮਾਤਾ।.

## ਵਾਜਬ ਤੌਰ 'ਤੇ ਵਿਹਾਰਕ ਕੀ ਹੈ?

ਕੀ ਖ਼ਤਰੇ ਨੂੰ ਖ਼ਤਮ ਕਰਨਾ ਸੰਭਵ ਹੈ? ਜੇਕਰ ਖ਼ਤਰੇ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਹੈ, ਤਾਂ ਜ਼ੋਖਮ ਨੂੰ ਘੱਟ ਤੋਂ ਘੱਟ ਕਰਨ ਲਈ ਸੰਭਵ ਤੌਰ 'ਤੇ ਉੱਚ ਪੱਧਰੀ ਨਿਯੰਤ੍ਰਣ ਉਪਾਅ ਦੀ ਵਰਤੋਂ ਕਰੋ।. ਜ਼ੋਖਮ ਜਿੰਨਾ ਜ਼ਿਆਦਾ ਹੋਵੇਗਾ, ਤੁਹਾਨੂੰ ਇਸ ਨੂੰ ਖ਼ਤਮ ਜਾਂ ਘੱਟ ਕਰਨ ਲਈ ਉਨ੍ਹਾਂ ਹੀ ਜ਼ਿਆਦਾ ਕੋਸ਼ਿਸ਼ ਕਰਨੀ ਚਾਹੀਦੀ ਹੈ।.

ਨਿਯੰਤਰਣ ਦੀ ਦਰਜਾਬੰਦੀ ਵੱਖ-ਵੱਖ ਕਿਸਮਾਂ ਦੇ ਨਿਯੰਤਰਣ ਉਪਾਵਾਂ ਦੀ ਪਛਾਣ ਕਰਦੀ ਹੈ ਜੋ ਵਰਤੇ ਜਾਣੇ ਚਾਹੀਦੇ ਹਨ ਅਤੇ ਹੇਠਾਂ ਦਿੱਤੇ ਚਿੱਤਰ ਵਿੱਚ ਨਿਰਧਾਰਤ ਕੀਤੇ ਗਏ ਹਨ।.




*ਚਿੱਤਰ 1 ਨਿਯੰਤਰਣ ਦੀ ਲੜੀ*

## ਵਾਜਬ ਕੀ ਹੈ?

ਖ਼ਤਰਾ ਜਿੰਨਾ ਵੱਡਾ ਹੈ, PCBU ਨੂੰ ਇਸ ਨੂੰ ਖ਼ਤਮ ਜਾਂ ਘੱਟ ਕਰਨ ਲਈ ਉਨ੍ਹਾਂ ਹੀ ਜ਼ਿਆਦਾ ਕੋਸ਼ਿਸ਼ ਕਰਨੀ ਚਾਹੀਦੀ ਹੈ।. PCBU ਨੂੰ ਲਾਜ਼ਮੀ ਵਿਚਾਰ ਕਰਨਾ ਚਾਹੀਦਾ ਹੈ:

- ਕੀ ਕੋਈ ਵਾਜਬ ਵਿਅਕਤੀ ਉਸ ਸਥਿਤੀ ਵਿੱਚ ਉਹੀ ਚੋਣ ਕਰੇਗਾ?
- ਹਰੇਕ ਨਿਯੰਤਰਣ ਉਪਾਅ ਸੱਟ ਦੇ ਜ਼ੋਖਮ ਨੂੰ ਕਿੰਨਾ ਘਟਾਉਂਦਾ ਹੈ?
- ਕੀ ਇੱਕ ਤੋਂ ਵੱਧ ਨਿਯੰਤਰਣ ਉਪਾਵਾਂ ਦੀ ਵਰਤੋਂ ਕਰਨਾ ਬਿਹਤਰ ਹੈ?
- ਤੁਸੀਂ ਉਸ ਗਤੀਵਿਧੀ ਨੂੰ ਕਿੰਨਾ ਕੁ ਬਦਲ ਸਕਦੇ ਹੋ?
- ਕੀ ਤੁਸੀਂ (ਜਾਂ ਕੋਈ ਹੋਰ) ਜ਼ੋਖਮ ਨੂੰ ਘਟਾਉਣ ਲਈ ਹੋਰ ਕੁੱਝ ਕਰ ਸਕਦੇ ਹੋ?

ਖ਼ਰਚੇ ਨੂੰ ਸਿਰਫ਼ ਤਾਂ ਹੀ ਵਿਚਾਰਿਆ ਜਾਣਾ ਚਾਹੀਦਾ ਹੈ ਜੇਕਰ ਇਹ ਜ਼ੋਖਮ ਤੋਂ ਬਹੁਤ ਜ਼ਿਆਦਾ ਅਨੁਪਾਤ ਵਿੱਚ ਹੋਵੇ।.

## ਜ਼ੋਖਮ ਨਿਯੰਤਰਣਾਂ ਦੀ ਸਮੀਖਿਆ

PCBU ਨੂੰ ਨਿਯਮਿਤ ਤੌਰ 'ਤੇ ਨਿਯੰਤਰਣ ਉਪਾਵਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਵਿਚਾਰ ਕਰਨਾ ਚਾਹੀਦਾ ਹੈ:

- ਕੀ ਨਿਯੰਤਰਣ ਉਪਾਅ ਅਜੇ ਵੀ ਜ਼ੋਖਮ ਨੂੰ ਨਿਯੰਤਰਿਤ ਕਰਦਾ ਹੈ?
- ਕੀ ਕੰਮ 'ਤੇ ਜ਼ੋਖਮ ਬਦਲ ਗਏ ਹਨ?
- ਕੀ ਇੱਥੇ ਕੋਈ ਨਵੇਂ ਖ਼ਤਰੇ ਹਨ?
- ਕੀ ਤੁਸੀਂ ਇਹ ਪਤਾ ਕਰਨ ਲਈ ਕਰਮਚਾਰੀਆਂ ਨਾਲ ਸਲਾਹ ਕੀਤੀ ਹੈ ਕਿ ਕੀ ਉਹ ਸੋਚਦੇ ਹਨ ਕਿ ਇਹ ਨਿਯੰਤਰਣ ਕੰਮ ਕਰ ਰਹੇ ਹਨ?
- ਕੀ ਕਿਸੇ ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ ਨੇ ਸਮੀਖਿਆ ਕਰਨ ਲਈ ਕਿਹਾ ਹੈ?
- ਕੀ ਜ਼ੋਖਮ ਨੂੰ ਘਟਾਉਣ ਦਾ ਕੋਈ ਨਵਾਂ ਜਾਂ ਬਿਹਤਰ ਤਰੀਕਾ ਹੈ?

### ਹੋਰ ਜਾਣਕਾਰੀ

WHS **ਨਿਯਮ ਅਤੇ ਅਭਿਆਸ ਕੋਡ ਤੁਹਾਨੂੰ ਜ਼ੋਖਮਾਂ ਨੂੰ ਕੰਟਰੋਲ ਕਰਨ ਬਾਰੇ ਹੋਰ ਜਾਣਕਾਰੀ ਦੇ ਸਕਦੇ ਹਨ।.**

WSJulr22_1147